**<u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ</u>**

(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਈ-ਬਲਾਕ, ਐਸ.ਏ.ਐਸ ਨਗਰ)

**ਟਰਾਂਸਫਰ ਸੈਲ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪੰਜਾਬ

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ

ਮੀਮੋ ਨੰ: 2/7-2020 ਟਰਾਂਸਫਰ ਸੈਲ (1)

ਮਿਤੀ ,ਐਸ.ਏ.ਐਸ ਨਗਰ 19/05/2020

ਵਿਸ਼ਾ- ਸਾਲ 2020-21 ਦੌਰਾਨ ਅਧਿਆਪਕਾਂ ਦੀਆਂ ਆਮ ਬਦਲੀਆਂ ਸਬੰਧੀ ਸਪੱਸ਼ਟੀਕਰਨ।

1.0 ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗਣਿਤ ਅਤੇ ਅੰਗ੍ਰੇਜ਼ੀ ਵਿਸ਼ੇ ਦੇ ਉਹ ਅਧਿਆਪਕ ਜੋ ਅਸਾਮੀ ਨਾ ਹੋਣ ਤੇ ਵੀ ਮਿਡਲ ਸਕੂਲਾਂ ਵਿੱਚ ਕੰਮ ਕਰ ਰਹੇ ਹਨ, ਨੂੰ ਲੋੜਵੰਦ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਤੈਨਾਤ ਕੀਤਾ ਜਾਣਾ ਹੈ।

2.0 ਉਕਤ ਤੋਂ ਇਲਾਵਾ ਸਰਵ ਸਿੱਖਿਆ ਅਭਿਆਨ ਅਤੇ ਰਮਸਾ ਤੋਂ ਸਿੱਖਿਆ ਵਿਭਾਗ ਵਿੱਚ ਆਪਸ਼ਨ ਦੇਣ ਉਪਰੰਤ ਰੈਗੂਲਰ ਹੋਏ ਕਈ ਅਜਿਹੇ ਕਰਮਚਾਰੀ ਹਨ, ਜਿਨ੍ਹਾਂ ਦੀ ਅਸਾਮੀ ਉਨ੍ਹਾਂ ਦੇ ਵਰਤਮਾਨ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਰਪਲਸ ਹੋਣ ਕਾਰਨ ਸੈਂਕਸ਼ਨ ਨਹੀਂ ਹੋ ਸਕਦੀ, ਅਜਿਹੇ ਅਧਿਆਪਕਾਂ ਨੂੰ ਪ੍ਰਵਾਨਿਤ ਅਸਾਮੀਆਂ ਤੇ ਤੈਨਾਤ ਕੀਤਾ ਜਾਣਾ ਹੈ।

3.0 ਸਾਲ 2020-21 ਦੌਰਾਨ ਅਧਿਆਪਕਾਂ ਦੀਆਂ ਆਮ ਬਦਲੀਆਂ ਸਮੇਂ ਉਕਤ ਅਧਿਆਪਕ ਬਦਲੀ ਲਈ ਅਪਲਾਈ ਕਰਨਗੇ। ਬਦਲੀਆਂ ਦੇ ਪਹਿਲੇ ਗੇੜ ਦੀਆਂ ਬਦਲੀਆਂ ਦੀ ਸਟੇਸ਼ਨ ਚੋਣ ਤੋਂ ਪਹਿਲਾਂ ਇਨ੍ਹਾਂ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਨ ਦਾ ਮੌਕਾ ਦਿੱਤਾ ਜਾਵੇਗਾ ਜਿਸ ਦੇ ਅਧਾਰ ਤੇ ਇਨ੍ਹਾਂ ਦੀਆਂ ਬਦਲੀਆਂ ਕੀਤੀਆਂ ਜਾਣਗੀਆਂ। ਇਨ੍ਹਾਂ ਬਦਲੀਆਂ ਉਪਰੰਤ ਹੀ ਤਿੰਨ ਗੇੜ ਦੀਆਂ ਬਦਲੀਆਂ ਲਈ ਸਟੇਸ਼ਨ ਚੋਣ ਕਰਵਾਈ ਜਾਵੇਗੀ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ**